ਪੰਜਾਬੀ ਦੇ | **Punjabi**

# NYC FAST FOOD WORKERS (ਕਰਮਚਾਰੀਆਂ) ਦੇ ਹੱਕ

NYC ਦੇ **Fair Workweek Law** ਤਹਿਤ, ਮਾਲਕ ਨੂੰ ਕਰਮਚਾਰੀਆਂ ਨੂੰ ਅਨੁਮਾਨਯੋਗ ਕਾਰਜਕ੍ਰਮ ਅਤੇ ਵਧੇਰੇ ਘੰਟੇ ਕੰਮ ਕਰਨ ਦਾ ਮੌਕਾ ਦੇਣਾ ਲਾਜ਼ਮੀ ਹੈ। **ਕਾਨੂੰਨ ਹੁਣ ਗਲਤ ਤਰੀਕੇ ਨਾਲ ਨੌਕਰੀ ਤੋਂ ਬਰਖਾਸਤਗੀ ਨੂੰ ਰੋਕਦਾ ਹੈ।** ਖ਼ਾਸਕਰ, ਮਾਲਕ ਬਿਨਾ ਕਿਸੇ ਉਚਿਤ ਕਾਰਨ ਜਾਂ ਜਾਇਜ਼ ਆਰਥਿਕ ਕਾਰਣਾਂ ਤੋਂ ਬਗੈਰ ਕਰਮਚਾਰੀਆਂ ਨੂੰ ਨੂੰ ਨੌਕਰੀ ਤੋਂ ਨਹੀਂ ਹਟਾ ਸਕਦੇ ਜਾਂ ਉਨ੍ਹਾਂ ਦੇ ਘੰਟਿਆਂ ਨੂੰ 15% ਤੋਂ ਵੱਧ ਨਹੀਂ ਘਟਾ ਸਕਦੇ। ਮਾਲਕ ਨੂੰ ਇਹ ਨੋਟਿਸ ਉੱਥੇ ਪੋਸਟ ਕਰਨਾ ਲਾਜ਼ਮੀ ਹੁੰਦਾ ਹੈ ਜਿੱਥੇ ਤੋਂ ਕਰਮਚਾਰੀਕ NYC ਦੀ ਹਰੇਕ ਕੰਮ ਵਾਲੀ ਥਾਂ ਤੇ ਆਸਾਨੀ ਨਾਲ ਇਸ ਨੂੰ ਵੇਖ ਸਕਣ।

## ਕਾਨੂੰਨ ਦੁਆਰਾ ਕਵਰ ਕੀਤੇ ਗਏ Fast Food Workers (ਕਰਮਚਾਰੀਆਂ)

ਕਰਮਚਾਰੀ ਜੋ NYC ਦੀ fast food ਸਥਾਪਨਾ ਵਿੱਚ ਹੇਠ ਲਿਖਿਆਂ ਵਿੱਚੋਂ ਘੱਟੋ ਘੱਟ ਇੱਕ ਕੰਮ ਕਰਦੇ ਹਨ:

- ਸਾਫ-ਸਫਾਈ
- ਕੁਕਿੰਗ
- ਗਾਹਕ ਸੇਵਾ
- ਭੋਜਨ ਅਤੇ ਡ੍ਰਿੰਕ ਤਿਆਰ ਕਰਨਾ
- ਆੱਫ-ਸਾਈਟ ਡਿਲਿਵਰੀ
- ਰੁਟੀਨ ਰੱਖ-ਰਖਾਅ ਦੀਆਂ ਡਿਊਟੀਆਂ
- ਸੁਰੱਖਿਆ
- ਸਪਲਾਈਆਂ ਜਾਂ ਉਪਕਰਣ ਸਟਾਕ ਕਰਨੇ

***ਕਾਨੂੰਨ, ਪਰਵਾਸ ਦੀ ਸਥਿਤੀ ਦੀ ਪਰਵਾਹ ਕੀਤੇ ਬਿਨ੍ਹਾਂ ਲਾਗੂ ਹੁੰਦਾ ਹੈ।***



## ਤੁਹਾਡੇ ਹੱਕ

### ਬਗੈਰ ਕਿਸੀ ਕਾਰਣ ਤੋਂ ਨੌਕਰੀ ਤੋਂ ਨਹੀਂ ਹਟਾਉਣਾ ਜਾਂ ਘੰਟਿਆਂ ਦੀ ਕਮੀ ਨਹੀਂ ਕਰਨਾ *(ਪ੍ਰਭਾਵੀ 7/4/2021)*

ਗੈਰਕਾਨੂੰਨੀ ਜਾਂ ਖ਼ਤਰਨਾਕ ਵਿਵਹਾਰ ਨੂੰ ਛੱਡ ਕੇ, ਮਾਲਕ:

- ਉਹਨਾਂ ਕਰਮਚਾਰੀਆਂ ਨੂੰ ਮੁੜ ਸਿਖਲਾਈ ਅਤੇ ਸੁਧਾਰ ਦਾ ਮੌਕਾ ਦੇਣਾ ਚਾਹੀਦਾ ਹੈ ਜਿਨ੍ਹਾਂ ਨੇ ਆਪਣੀ ਪ੍ਰੋਬੇਸ਼ਨ ਅਵਧੀ ਪੂਰੀ ਕੀਤੀ ਹੈ।
- ਸਿਰਫ ਘੱਟ ਉਤਪਾਦਕਤਾ ਵਾਲੇ ਕਰਮਚਾਰੀਆਂ ਨੂੰ ਇੱਕ ਸਾਲ ਵਿੱਚ ਕਈ ਅਨੁਸ਼ਾਸਨੀ ਚੇਤਾਵਨੀ ਦੇਣ ਦੇ ਬਾਅਦ ਨੌਕਰੀ ਤੋਂ ਹਟਾਉਣਾ ਚਾਹੀਦਾ ਹੈ।

### ਵਿੱਤੀ ਕਾਰਣਾਂ ਤੋਂ ਬਿਨ੍ਹਾਂ ਕੋਈ ਛਾਂਟੀ ਨਹੀਂ *(ਪ੍ਰਭਾਵੀ 7/4/2021)*

ਛਾਂਟੀ ਸੀਨਿਓਰਿਟੀ ਦੇ ਉਲਟ ਕ੍ਰਮ ਵਿੱਚ ਹੋਣੀ ਚਾਹੀਦੀ ਹੈ, ਸਭ ਤੋਂ ਲੰਬੇ ਸਮੇਂ ਸੇਵਾ ਕਰਨ ਵਾਲੇ ਕਰਮਚਾਰੀਆਂ ਨੂੰ ਆਖਰੀ ਵਿੱਚ ਹਟਾਉਣਾ ਚਾਹੀਦਾ ਹੈ।

### ਨਵੀਂ ਉਪਲੱਬਧ ਸ਼ਿਫਟਾਂ ਦਾ ਕੰਮ ਕਰਨ ਲਈ ਛਾਂਟੀ ਕੀਤੇ ਜਾਂ ਮੌਜੂਦਾ ਕਰਮਚਾਰੀਆਂ ਨੂੰ ਤਰਜੀਹ

- ਤੁਹਾਡੇ ਮਾਲਕ ਨੂੰ ਰੈਸਟੋਰੈਂਟ ਵਿੱਚ ਪੋਸਟਰਾਂ ਰਾਹੀਂ ਅਤੇ ਟੈਕਸਟ ਜਾਂ ਈਮੇਲ ਰਾਹੀਂ ਸ਼ਿਫਟਾਂ ਦੀ ਮਸ਼ਹੂਰੀ ਕਰਨੀ ਚਾਹੀਦੀ ਹੈ।
- ਤੁਹਾਡਾ ਮਾਲਕ ਸਿਰਫ ਨਵੇਂ ਕਰਮਚਾਰੀਆਂ ਨੂੰ ਰੱਖ ਸਕਦਾ ਹੈ ਜੇ ਕੋਈ ਛਾਂਟੀ ਨਹੀਂ ਹੁੰਦੀ ਜਾਂ ਮੌਜੂਦਾ NYC ਕਰਮਚਾਰੀ ਪੋਸਟ ਕੀਤੀ ਗਈ ਸਮੇਂ ਸੀਮਾ ਤਕ ਸ਼ਿਫਟਾਂ ਨੂੰ ਸਵੀਕਾਰ ਨਹੀਂ ਕਰਦੇ ਹਨ।।

### ਨੌਕਰੀ ਤੋਂ ਹਟਾਉਣ, ਘੰਟੇ ਘੱਟ ਕਰਨ ਜਾਂ ਛਾਂਟਣ ਲਈ ਲਿਖਤ ਸਪਸ਼ਟੀਕਰਨ *(ਪ੍ਰਭਾਵੀ 7/4/2021)*

### ਲਿਖਤ ਵਿੱਚ ਲੰਬੇ ਸੰਮੇ ਦਾ ਨਿਯਮਤ ਕਾਰਜਕ੍ਰਮ

ਤੁਹਾਡਾ ਨਿਯਮਤ ਕਾਰਜਕ੍ਰਮ ਹਫਤਾ-ਦਰ-ਹਫਤਾ ਸਥਿਰ ਹੋਣਾ ਚਾਹੀਦਾ ਹੈ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਤੁਹਾਡੇ ਤੋਂ ਕਦੋਂ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਜੇ ਤਬਦੀਲੀਆਂ ਹੋਈਆਂ ਹਨ ਤਾਂ ਤੁਹਾਡੇ ਮਾਲਕ ਨੂੰ ਤੁਹਾਨੂੰ ਇੱਕ ਨਵਾਂ ਨਿਯਮਤ ਕਾਰਜਕ੍ਰਮ ਦੇਣਾ ਪਵੇਗਾ।

### ਕੰਮ ਦੇ ਕਾਰਜਕ੍ਰਮ ਦਾ 2 ਹਫ਼ਤਿਆਂ ਦਾ ਪੇਸ਼ਗੀ ਨੋਟਿਸ

ਕੰਮ ਦੇ ਕਾਰਜਕ੍ਰਮ ਨੂੰ ਘੱਟੋ ਘੱਟ 7 ਕੈਲੰਡਰ ਦਿਨਾਂ ਲਈ ਸਭ ਤੋਂ ਵੱਧ ਸ਼ਿਫਟਾਂ ਦਿਖਾਉਣੀਆਂ ਚਾਹੀਦੀਆਂ ਹਨ ਅਤੇ ਆਪਣੇ ਨਿਯਮਤ ਕਾਰਜਕ੍ਰਮ ਨੂੰ ਦਰਸਾਉਂਣਾ ਚਾਹੀਦਾ ਹੈ, ਜਦੋਂ ਤੱਕ ਤੁਸੀਂ ਕਿਸੇ ਤਬਦੀਲੀ ਲਈ ਬੇਨਤੀ ਜਾਂ ਸਹਿਮਤ ਨਹੀਂ ਹੋ ਜਾਂਦੇ।

### "ਕਲੋਪਨਿੰਗ" ਸ਼ਿਫਟਾਂ ਲਈ ਕੰਮ ਕਰਨ ਵਾਸਤੇ $100 ਪ੍ਰੀਮੀਅਮ ਅਤੇ ਨਾ ਕਹਿਣ ਦਾ ਹੱਕ

ਇੱਕ ਕਲੋਪਨਿੰਗ ਵਿੱਚ ਨਾਲੋ ਨਾਲ ਸ਼ਿਫਟਾਂ 'ਤੇ ਇੱਕ ਰੈਸਟੋਰੈਂਟ ਬੰਦ ਕਰਨਾ ਅਤੇ ਖੋਲ੍ਹਣਾ ਸ਼ਾਮਲ ਹੈ। ਤੁਸੀਂ ਕੰਮ ਕਰਨ ਅਤੇ ਪ੍ਰੀਮੀਅਮ ਤਨਖਾਹ ਪ੍ਰਾਪਤ ਕਰਨ ਲਈ ਸਹਿਮਤ ਹੋ ਸਕਦੇ ਹੋ ਜਾਂ ਤੁਸੀਂ ਇਨਕਾਰ ਕਰ ਸਕਦੇ ਹੋ।

### 14 ਦਿਨਾਂ ਤੋਂ ਘੱਟ ਨੋਟਿਸ 'ਤੇ ਮਾਲਕ ਦੁਆਰਾ ਕਾਰਜਕ੍ਰਮ ਬਦਲਾਵਾਂ ਲਈ ਪ੍ਰੀਮਿਅਮ ਅਦਾਇਗੀ ਅਤੇ ਵਾਧੂ ਘੰਟਿਆਂ ਨੂੰ ਨਾ ਕਹਿਣ ਦਾ ਹੱਕ

| **ਨੋਟਿਸ ਦੀ ਸਮਾਂ** | **ਸਮਾਂ ਵਾਧੂ ਘੰਟਿਆਂ ਲਈ ਰੇਟ** | **ਜੇ ਘੰਟਿਆਂ 'ਤੇ ਕੋਈ ਪ੍ਰਭਾਵ ਨਹੀਂ ਤਾਂ ਰੇਟ** | **ਘਟਾਏ ਘੰਟਿਆਂਲਈ ਰੇਟ** |
|---|---|---|---|
| 14 ਦਿਨਾਂ ਤੋਂ ਘੱਟ ਦਾ ਨੋਟਿਸ | $10 ਪ੍ਰਤੀ ਬਦਲਾਅ | $10 ਪ੍ਰਤੀ ਬਦਲਾਅ | $20 ਪ੍ਰਤੀ ਬਦਲਾਅ |
| 7 ਦਿਨਾਂ ਤੋਂ ਘੱਟ ਦਾ ਨੋਟਿਸ | $15 ਪ੍ਰਤੀ ਬਦਲਾਅ | $15 ਪ੍ਰਤੀ ਬਦਲਾਅ | $45 ਪ੍ਰਤੀ ਬਦਲਾਅ |
| 24 ਘੰਟਿਆਂ ਤੋਂ ਘੱਟ ਦਾ ਨੋਟਿਸ | $15 ਪ੍ਰਤੀ ਬਦਲਾਅ | $15 ਪ੍ਰਤੀ ਬਦਲਾਅ | $75 ਪ੍ਰਤੀ ਬਦਲਾਅ |

**ਜਦੋਂ ਤੁਸੀਂ ਕਾਰਜਕ੍ਰਮ ਵਿੱਚ ਤਬਦੀਲੀ ਨਾਲ ਸਹਿਮਤ ਹੁੰਦੇ ਹੋ ਤਾਂ ਤੁਸੀਂ ਪ੍ਰੀਮਿਅਮ ਤਨਖਾਹ ਦਾ ਆਪਣਾ ਹੱਕ ਨਹੀਂ ਛੱਡਦੇ ਹੋ।**

***ਪ੍ਰੀਮਿਅਮ ਤਨਖਾਹ ਦੀ ਲੋੜ ਨਹੀਂ ਹੁੰਦੀ, ਜਦੋਂ:***

1. ਤੁਹਾਡਾ ਮਾਲਕ ਇਸ ਕਾਰਨ ਬੰਦ ਕਰਦਾ ਹੈ: ਕਰਮਚਾਰੀਆਂ ਦੀ ਸੁਰੱਖਿਆ ਜਾਂ ਮਾਲਕ ਦੀ ਜਾਇਦਾਦ ਨੂੰ ਖਤਰਾ ਹੋਵੇ; ਜਨਤਕ ਸਹੂਲਤ ਦੀ ਅਸਫਲਤਾ; ਜਨਤਕ ਆਵਾਜਾਈ ਦਾ ਬੰਦ ਹੋਣਾ; ਅੱਗ, ਹੜ੍ਹਾਂ, ਜਾਂ ਹੋਰ ਕੁਦਰਤੀ ਆਫ਼ਤਾਂ; ਸਰਕਾਰ ਦੁਆਰਾ ਐਲਾਨੀ ਐਮਰਜੈਂਸੀ ਦੀ ਸਥਿਤੀ ਹੋਵੇ।
2. ਤੁਸੀਂ ਲਿਖਤੀ ਰੂਪ ਵਿੱਚ ਸ਼ਿਫਟ ਵਿੱਚ ਇੱਕ ਤਬਦੀਲੀ ਦੀ ਬੇਨਤੀ ਕਰਦੇ ਹੋ।
3. ਤੁਸੀਂ ਕਿਸੇ ਹੋਰ ਕਰਮਚਾਰੀ ਨਾਲ ਸ਼ਿਫਟ ਦੀ ਤਬਦੀਲੀ ਕਰ ਕਰਦੇ ਹੋ।
4. ਤੁਹਾਡੇ ਮਾਲਕ ਨੂੰ ਬਦਲੀ ਹੋਈ ਸ਼ਿਫਟ ਲਈ ਓਵਰਟਾਈਮ ਅਦਾ ਕਰਨਾ ਪਵੇਗਾ।

## ਕੋਈ ਪ੍ਰਤਿਸ਼ੋਧ (ਬਦਲਾ) ਨਹੀਂ

ਕਰਮਚਾਰੀਆਂ ਨੂੰ ਕਾਨੂੰਨ ਦੇ ਅਧੀਨ ਆਪਣੇ ਹੱਕਾਂ ਦੀ ਵਰਤੋਂ ਕਰਨ ਲਈ ਸਜ਼ਾ ਦੇਣਾ ਜਾਂ ਨੌਕਰੀ ਤੋਂ ਹਟਾਉਣਾ ਗੈਰ ਕਾਨੂੰਨੀ ਹੁੰਦਾ ਹੈ। ਕਰਮਚਾਰੀਆਂ ਨੂੰ ਬਦਲੇ ਬਾਰੇ ਤੁਰੰਤ DCWP ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਸ਼ਿਕਾਇਤ ਦਰਜ ਕਰੋ

The Department of Consumer and Worker Protection (DCWP) ਕਾਨੂੰਨ ਨੂੰ ਲਾਗੂ ਕਰਦਾ ਹੈ। ਜਿਆਦਾ ਜਾਣਕਾਰੀ ਜਾਂ ਸ਼ਿਕਾਇਤ ਦਰਜ ਕਰਨ ਲਈ:

- **nyc.gov/workers** 'ਤੇ ਜਾਓ
- **311** ਨੂੰ ਸੰਪਰਕ ਕਰੋ (212-NEW-YORK ਬਾਹਰ NYC) ਅਤੇ "Fair Workweek Law" ਲਈ ਪੁੱਛੋ।
- **OLPS@dcwp.nyc.gov** ਤੇ ਈਮੇਲ ਕਰੋ

**DCWP ਤੁਹਾਡੀ ਪਛਾਣ ਨੂੰ ਗੁਪਤ ਰੱਖੇਗਾ ਜਦੋਂ ਤੱਕ ਕਾਨੂੰਨ ਦੁਆਰਾ ਖੁਲਾਸਾ ਕਰਨ ਦੀ ਜ਼ਰੂਰਤ ਨਹੀਂ ਹੁੰਦੀ।**

ਤੁਸੀਂ ਅਦਾਲਤ ਵਿੱਚ ਮੁਕੱਦਮਾ ਵੀ ਦਾਇਰ ਕਰ ਸਕਦੇ ਹੋ। ਹਾਲਾਂਕਿ, ਤੁਸੀਂ ਇੱਕੋ ਹੀ ਸਮੇਂ ਵਿੱਚ, DCWP ਕੋਲ ਸ਼ਿਕਾਇਤ ਅਤੇ ਅਦਾਲਤ ਵਿੱਚ ਮੁਕੱਦਮਾ ਦਾਇਰ ਨਹੀਂ ਕਰ ਸਕਦੇ ਹੋ।

NYC Consumer and Worker Protection

06/2023